Publication : Daily Ajit
Date : July 25, 2008
Edition : Chandigarh

# ਰਸਤੇ ਦਰਸਾਉਣ ਵਾਲਾ ਨੇਵੀਗੇਟਰ ਪੰਜਾਬ 'ਚ ਲਾਂਚ

ਚੰਡੀਗੜ੍ਹ, 24 ਜੁਲਾਈ (ਬ.ਬ.)-ਕਾਰ-ਜੀਪ 'ਤੇ ਸਫਰ ਕਰਦਿਆਂ ਜੇਕਰ ਤੁਸੀਂ ਪੰਜਾਬ ਦੇ ਕਿਸੇ ਵੀ ਸ਼ਹਿਰ ਦਾ ਜਾਂ ਸ਼ਹਿਰ ਦੇ ਅਹਿਮ ਥਾਵਾਂ ਦਾ ਰਸਤਾ ਲੱਭਣਾ ਹੈ ਤਾਂ ਰਸਤੇ 'ਚ ਕਿਸੇ ਨੂੰ ਪੁੱਛਣ ਦੀ ਲੋੜ ਨਹੀਂ। ਆਪਣੀ ਕਾਰ ਜਾਂ ਮੋਟਰ ਗੱਡੀ 'ਚ ਡੈਸ਼ ਬੋਰਡ 'ਤੇ ਲੱਗੇ ਨੇਵੀਗੇਟਰ ਨੂੰ ਹੁਕਮ ਦਿਓ ਕਿ ਫਲਾਣੇ ਥਾਂ ਜਾਣਾ ਹੈ। ਸਾਹਮਣੇ ਸਕਰੀਨ 'ਤੇ ਰਸਤਾ ਆਪਣੇ ਆਪ ਆਉਂਦਾ ਜਾਵੇਗਾ। ਕੰਪਿਊਟਰ ਨੁਮਾ ਇਹ ਛੋਟਾ ਜਿਹਾ ਯੰਤਰ ਅਹਿਮ ਮੋੜਾਂ 'ਤੇ ਇਹ ਵੀ ਬੋਲੇਗਾ ਕਿ ਸੱਜੇ ਮੁੜਨਾ ਹੈ ਜਾਂ ਖੱਬੇ। ਪੰਜਾਬ ਦੇ 31 ਸ਼ਹਿਰਾਂ, 5342 ਕਸਬਿਆਂ ਤੇ ਪਿੰਡਾਂ ਅਤੇ 28317 ਟਿਕਾਣਿਆਂ ਦੇ ਰਸਤੇ 'ਤੇ ਅਤਾ ਪਤਾ ਇਸ ਨੇਵੀਗੇਟਰ ਵਿਚ ਮੌਜੂਦ ਹੈ। ਡਿਜੀਟਲ ਨਕਸ਼ਿਆਂ ਦੀ ਮਾਹਰ ਕੰਪਨੀ ਮੈਪਮਾਈ ਇੰਡੀਆ ਵੱਲੋਂ ਅੱਜ ਪੰਜਾਬ ਦੇ ਵਿੱਕਰੀ ਲਈ ਜਾਰੀ ਕੀਤੇ ਇਸ ਜੀ.ਪੀ.ਐਸ. ਨੇਵੀਗੇਟਰ ਦਾ ਘੇਰਾ ਜਾਂ ਸਮੁੱਚਾ ਭਾਰਤ ਹੀ ਹੈ, ਜਿੱਥੇ ਸੈਟੇਲਾਈਟ ਨਾਲ ਜੁੜੇ ਇਸ ਯੰਤਰ ਵਿਚ ਮੁਲਕ ਦੇ 174 ਪ੍ਰਮੁੱਖ ਸ਼ਹਿਰਾਂ, 1 ਲੱਖ 30 ਹਜ਼ਾਰ ਕਸਬਿਆਂ ਤੇ ਪਿੰਡਾਂ ਅਤੇ 52 ਸ਼੍ਰੇਣੀਆਂ ਦੇ 4 ਲੱਖ 50 ਹਜ਼ਾਰ ਟਿਕਾਣਿਆਂ ਦੀ ਨਿਸ਼ਾਨਦੇਹੀ ਮੌਜੂਦ ਹੈ। ਇਸ ਨੇਵੀਗੇਟਰ ਨੂੰ ਜਾਰੀ ਕਰਨ ਮੌਕੇ ਚੰਡੀਗੜ੍ਹ ਦੇ ਮੇਅਰ ਸ੍ਰੀ ਪ੍ਰਦੀਪ ਛਾਬੜਾ ਵੀ ਮੌਜੂਦ ਸਨ। ਇਸ ਮੌਕੇ ਮੈਪਮਾਈ ਇੰਡੀਆ ਦੇ ਮੀਤ ਪ੍ਰਧਾਨ ਸ੍ਰੀ ਰਾਜੇਸ਼ ਮਹਿਤਾ ਨੇ ਅੱਜ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਚੰਡੀਗੜ੍ਹ ਨੂੰ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਵਰਗੇ ਸ਼ਹਿਰਾਂ ਦੇ ਤਾਂ ਹੋਟਲਾਂ, ਬੈਂਕਾਂ ਦੇ ਏ.ਟੀ.ਐਮ., ਹਸਪਤਾਲ, ਸਰਕਾਰੀ ਅਹਿਮ ਦਫ਼ਤਰ ਤੇ ਅਜਿਹੇ ਹੋਰ ਅਹਿਮ ਟਿਕਾਣਿਆਂ ਤੱਕ ਇਸ ਨੇਵੀਗੇਟਰ ਦੀ ਮੱਦਦ ਨਾਲ ਪੁੱਜਿਆ ਜਾ ਸਕਦਾ ਹੈ। ਪੰਜਾਬ ਲਈ ਕੰਪਨੀ ਦੇ ਨੁਮਾਇੰਦੇ ਅਤੇ ਨੇਵੀਗੇਟਰ ਇਨਫੋ ਸਿਸਟਮਜ਼ ਦੇ ਐਮ.ਡੀ. ਸ. ਹਰਜੀਤ ਸਿੰਘ ਨੇ ਦੱਸਿਆ ਕਿ ਇਹ ਨੇਵੀਗੇਟਰ ਯੰਤਰ ਪੰਜਾਬ ਦੇ 500 ਟਿਕਾਣਿਆਂ ਤੋਂ ਖਰੀਦਿਆ ਜਾ ਸਕਦਾ ਹੈ।